# MAKING LIFE BETTER

# ਬਜਟ 2019



ਬ੍ਰਿਟਿਸ਼ ਕੋਲੰਬੀਆ (British Columbia) ਇੱਕ ਉੱਘੀ ਥਾਂ ਹੈ, ਜੋ ਬੇਜੋੜ ਕੁਦਰਤੀ ਸੁੰਦਰਤਾ, ਮਿਹਨਤੀ ਲੋਕਾਂ ਅਤੇ ਸੰਪੰਨਸ਼ੀਲ ਅਰਥਚਾਰੇ ਨਾਲ ਭਰਪੂਰ ਹੈ। ਪਰੰਤੂ ਸਚਮੁੱਚ ਖੁਸ਼ਹਾਲ ਅਰਥਚਾਰੇ ਨੂੰ ਹਰੇਕ ਲਈ ਕੰਮ ਕਰਨ ਦੀ ਲੋੜ ਹੁੰਦੀ ਹੈ। ਇਸਨੂੰ ਆਉਣ ਵਾਲੇ ਕੱਲ੍ਹ ਦੀਆਂ ਚੁਣੌਤੀਆਂ ਨੂੰ ਪੂਰਾ ਕਰਦੇ ਹੋਏ, ਹੁਣ ਲੋਕਾਂ ਲਈ ਮੌਕੇ ਪੈਦਾ ਕਰਨ ਦੀ ਲੋੜ ਹੈ।

ਅਸੀਂ ਤੁਹਾਡੇ ਪਰਿਵਾਰ ਲਈ ਸੋਧੀ ਹੋਈ ਸਿਹਤ ਦੇਖਭਾਲ, ਸਿੱਖਿਆ ਅਤੇ ਬਾਲ ਦੇਖਭਾਲ ਪ੍ਰਦਾਨ ਕਰਕੇ ਜ਼ਿੰਦਗੀ ਨੂੰ ਬਿਹਤਰ ਬਣਾਉਣ ਲਈ ਸਖ਼ਤ ਮਿਹਨਤ ਕਰ ਰਹੇ ਹਾਂ। ਬਜਟ 2019 ਬ੍ਰਿਟਿਸ਼ ਕੋਲੰਬੀਆ ਵਾਸੀਆਂ ਦੇ ਪੈਸੇ ਦੀ ਬੱਚਤ ਕਰਦਾ ਹੈ ਅਤੇ ਮੌਕੇ ਪੈਦਾ ਕਰਦਾ ਹੈ, ਤਾਂ ਜੋ ਹਰੇਕ ਵਿਅਕਤੀ ਨਵੇਂ ਬੀ.ਸੀ. ਦੇ ਨਾਲ ਆਪਣੀ ਪੂਰੀ ਸਮਰੱਥਾ ਦਾ ਫ਼ਾਇਦਾ ਲੈ ਸਕੇ। ਬਾਲ ਮੌਕਾ ਫ਼ਾਇਦਾ (Child Opportunity Benefit) ਬੀ.ਸੀ. ਦੇ ਵਿਦਿਆਰਥੀ ਕਰਜ਼ਿਆਂ ਅਤੇ ਐਮ.ਐਸ.ਪੀ. (MSP) ਪ੍ਰੀਮੀਅਮਾਂ ਵਿੱਚੋਂ ਵਿਆਜ ਨੂੰ ਖ਼ਤਮ ਕਰਦਾ ਹੈ, ਅਤੇ ਬੀ.ਸੀ. ਦੇ ਇਤਿਹਾਸ ਵਿੱਚ ਸਭ ਤੋਂ ਵੱਡਾ ਇੰਫਰਾਸ-ਟ੍ਰਕਚਰ ਨਿਵੇਸ਼ ਹੈ।

ਬਜਟ 2019 ਸਾਡੇ ਸੂਬੇ ਨੂੰ ਘੱਟ-ਕਾਰਬਨ ਅਰਥਚਾਰੇ ਦੇ ਰਾਹ ‘ਤੇ ਲਿਜਾਂਦੇ ਹੋਏ, ਜੋ ਸਾਡੀ ਸਾਫ਼ ਹਵਾ, ਜ਼ਮੀਨ ਅਤੇ ਪਾਣੀ ਨੂੰ ਸੁਰੱਖਿਅਤ ਰੱਖਦੇ ਹੋਏ ਮੌਕੇ ਪੈਦਾ ਕਰਦਾ ਹੈ, CleanBC ਨੂੰ ਅੱਗੇ ਵਧਾਉਂਦਾ ਹੈ।

ਸੁਦੇਸ਼ੀ ਲੋਕਾਂ ਨਾਲ ਸਹੀ ਅਤੇ ਮਜ਼ਬੂਤ ਅਨੁਕੂਲਤਾ ਨੂੰ ਵਧਾਉਣ ਦੇ ਰਾਹ ‘ਤੇ, ਬਜਟ 2019 ਫਸਟ ਨੇਸ਼ਨਸ (First Nations) ਦੇ ਨਾਲ ਇਤਿਹਾਸਕ 25-ਸਾਲਾ ਲਾਭ-ਸ਼ੇਅਰਿੰਗ ਦਾ ਇਕਰਾਰਨਾਮਾ ਪੇਸ਼ ਕਰਦਾ ਹੈ, ਜਿਸਦਾ ਮਤਲਬ ਹੈ ਕਿ ਫਸਟ ਨੇਸ਼ਨਸ ਭਾਈਚਾਰਿਆਂ ਲਈ ਅਰਬਾਂ ਡਾਲਰ ਦੀ ਸਥਿਰ, ਲੰਮੀ-ਮਿਆਦ ਦੀ ਫੰਡਿੰਗ।

ਬਜਟ 2019 ਇਹ ਯਕੀਨੀ ਬਣਾਉਣ ਲਈ ਸਹਾਇਕ ਹੈ ਕਿ ਹਰੇਕ ਨੂੰ ਸਫਲ ਹੋਣ ਲਈ ਲੋੜੀਂਦੇ ਮੌਕੇ ਮਿਲੇ ਹਨ। ਜੋ ਨਿਵੇਸ਼ ਅਸੀਂ ਕਰ ਰਹੇ ਹਾਂ, ਉਹ ਸਾਨੂੰ ਮਜ਼ਬੂਤ, ਸਥਿਰ ਅਰਥਚਾਰੇ ਦਾ ਨਿਰਮਾਣ ਕਰਨ ਵਿੱਚ ਮਦਦ ਕਰੇਗਾ, ਜੋ ਅੱਜ ਦੇ ਲੋਕਾਂ ਲਈ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਸਹਾਇਕ ਹੋਵੇ।

Carole James

ਮਾਨਯੋਗ ਕੈਰੋਲ ਜੇਮਸ (CAROLE JAMES)
ਮਿਨਿਸਟਰ ਔਫ ਫਾਈਨੈਂਸ ਐਂਡ ਡਿਪਟੀ ਪ੍ਰੀਮੀਅਰ
(MINISTER OF FINANCE AND DEPUTY PREMIER)

BRITISH COLUMBIA

# ਤੁਹਾਡੀ ਜ਼ਿੰਦਗੀ ਨੂੰ ਵੱਧ ਪੁੱਜਣਯੋਗ ਬਣਾਉਣਾ

> ਸਾਡੀ ਸਰਕਾਰ ਲੋਕਾਂ ਨੂੰ ਸਭ ਤੋਂ ਪਹਿਲਾਂ ਮਹੱਤਵ ਦਿੰਦੀ ਹੈ ਅਤੇ ਅਸੀਂ ਤੁਹਾਡੇ ਲਈ ਅਤੇ ਤੁਹਾਡੇ ਪਰਿਵਾਰ ਲਈ ਜ਼ਿੰਦਗੀ ਨੂੰ ਵੱਧ ਪੁੱਜਣਯੋਗ ਬਣਾਉਣ ਲਈ ਸਖ਼ਤ ਮਿਹਨਤ ਕਰ ਰਹੇ ਹਾਂ।

ਪਿਛਲੇ ਸਾਲ, ਅਸੀਂ ਮੈਡੀਕਲ ਸਰਵਿਸਿਜ ਪਲਾਨ (ਐਮ.ਐਸ.ਪੀ.) ਪ੍ਰੀਮੀਅਮਾਂ ਨੂੰ 50% ਤੱਕ ਘਟਾ ਕੇ ਬੀ.ਸੀ. ਦੇ ਇਤਿਹਾਸ ਵਿੱਚ ਸਭ ਤੋਂ ਵੱਡੀਆਂ ਮਿਡਲ-ਕਲਾਸ ਟੈਕਸ ਕਟੌਤੀਆਂ ਵਿੱਚੋਂ ਇੱਕ ਦੀ ਸ਼ੁਰੂਆਤ ਕੀਤੀ ਸੀ। ਇਹ ਵੱਖ-ਵੱਖ ਵਿਅਕਤੀਆਂ ਲਈ $450 ਅਤੇ ਪਰਿਵਾਰਾਂ ਲਈ $900 ਦੀ ਬੱਚਤ ਹੈ।


ਬਜਟ 2019 ਨੇ 1 ਜਨਵਰੀ, 2020 ਦੇ ਐਮ.ਐਸ.ਪੀ. ਪ੍ਰੀਮੀਅਮਾਂ ਨੂੰ ਪੂਰੀ ਤਰ੍ਹਾਂ ਖਤਮ ਕਰ ਦਿੱਤਾ, ਜਿਸ ਨਾਲ ਪਰਿਵਾਰ ਪ੍ਰਤੀ ਸਾਲ $1,800 ਬਚਾਉਣਗੇ।





### ਬੀ.ਸੀ. ਬਾਲ ਮੌਕਾ ਫ਼ਾਇਦਾ

> ਬੀ.ਸੀ. ਵਿੱਚ ਹਰੇਕ ਬੱਚੇ ਕੋਲ ਉਹ ਮੌਕੇ ਹੋਣੇ ਚਾਹੀਦੇ ਹਨ, ਜਿਹਨਾਂ ਦੀ ਉਹਨਾਂ ਨੂੰ ਉੱਨਤੀ ਕਰਨ ਲਈ ਲੋੜ ਹੈ।

ਬਜਟ 2019 ਨਵਾਂ ਬੀ.ਸੀ. ਬਾਲ ਮੌਕਾ ਫ਼ਾਇਦਾ ਮਿਡਲ-ਕਲਾਸ ਪਰਿਵਾਰਾਂ ਦੇ ਡਾਲਰ ਬਚਾਉਂਦਾ ਹੈ। ਇਹ ਫ਼ਾਇਦਾ, ਪਰਿਵਾਰਾਂ ਨੂੰ ਖਾਸ ਤੌਰ 'ਤੇ ਕਈ ਸਾਲਾਂ ਲਈ ਤਿੰਨ ਗੁਣਾ ਤੱਕ ਹੋਰ ਸਹਿਯੋਗ ਮੁਹੱਈਆ ਕਰਦੇ ਹੋਏ, ਅਰੰਭਿਕ ਬਚਪਨ ਟੈਕਸ ਫ਼ਾਇਦੇ (Early Childhood Tax Benefit) ਦੀ ਥਾਂ 'ਤੇ ਹੈ। ਅਕਤੂਬਰ 2020 ਤੋਂ ਸ਼ੁਰੂ ਕਰਦੇ ਹੋਏ, ਇੱਕ ਬੱਚੇ ਵਾਲੇ ਪਰਿਵਾਰ ਪ੍ਰਤੀ ਸਾਲ $1,600 ਤੱਕ, ਦੋ ਬੱਚਿਆਂ ਵਾਲੇ ਪਰਿਵਾਰ $2,600 ਤੱਕ, ਅਤੇ ਤਿੰਨ ਬੱਚਿਆਂ ਵਾਲੇ ਪਰਿਵਾਰ $3,400 ਤੱਕ ਦੀ ਰਕਮ ਪ੍ਰਾਪਤ ਕਰਨਗੇ।



### ਬੀ.ਸੀ. ਵਿੱਚ ਤਿਆਰ ਬਾਲ ਦੇਖਭਾਲ ਯੋਜਨਾ (CHILD CARE PLAN)

ਬੱਚਿਆਂ ਦੀ ਦੇਖਭਾਲ ਲਈ ਅਤੇ ਪਰਿਵਾਰਾਂ ਦੀ ਉੱਨਤੀ ਲਈ, ਸਾਡੀ ਸਰਕਾਰ ਨੇ ਬੀ.ਸੀ. ਦੇ ਇਤਿਹਾਸ ਵਿੱਚ ਬਾਲ ਦੇਖਭਾਲ ਵਿੱਚ ਸਭ ਤੋਂ ਵੱਡਾ ਨਿਵੇਸ਼ ਕੀਤਾ ਹੈ। ਅਗਲੇ ਤਿੰਨ ਸਾਲਾਂ ਵਿੱਚ, ਸਾਡੀ ਸਰਕਾਰ ਵਧੀਆ ਕਿਸਮ ਦੀ, ਪੁੱਜਣਯੋਗ, ਪਹੁੰਚਯੋਗ ਬਾਲ ਦੇਖਭਾਲ ਵਿੱਚ $1.3 ਬਿਲੀਅਨ ਤੋਂ ਵੱਧ ਦਾ ਨਿਵੇਸ਼ ਕਰ ਰਹੀ ਹੈ।

» ਲਾਇਸੈਂਸਸ਼ੁਦਾ ਦੇਖਭਾਲ ਵਿਚਲੇ ਬੱਚਿਆਂ ਦੇ ਮਾਪਿਆਂ ਲਈ $350 ਤੱਕ ਪ੍ਰਤੀ ਮਹੀਨਾ, $4,200 ਪ੍ਰਤੀ ਸਾਲ, 52,000 ਤੋਂ ਵੱਧ ਬਾਲ ਦੇਖਭਾਲ ਥਾਵਾਂ ਲਈ ਫੀਸ ਵਿੱਚ ਕਟੌਤੀ ਪ੍ਰਦਾਨ ਕਰਨਾ

» ਪੁੱਜਣਯੋਗ ਬਾਲ ਦੇਖਭਾਲ ਫ਼ਾਇਦਾ ਪੇਸ਼ ਕਰਨਾ, ਜੋ ਬੀ.ਸੀ. ਵਿੱਚ $111,000 ਤੱਕ ਕਮਾਉਣ ਵਾਲੇ ਸਾਰੇ ਪਰਿਵਾਰਾਂ ਲਈ ਉਪਲਬੱਧ ਹੈ, ਜਿਸ ਨਾਲ ਉਹਨਾਂ ਨੂੰ ਪ੍ਰਤੀ ਸਾਲ, ਪ੍ਰਤੀ ਬੱਚਾ $15,000 ਤੱਕ ਦੀ ਬੱਚਤ ਹੋਵੇਗੀ

» 22,000 ਨਵੀਆਂ ਲਾਇਸੈਂਸਸ਼ੁਦਾ ਬਾਲ ਦੇਖਭਾਲ ਥਾਵਾਂ ਤਿਆਰ ਕਰਨ ਵਿੱਚ ਸਹਾਇਤਾ ਲਈ ਤਿੰਨ ਸਾਲਾਂ ਵਿੱਚ $237 ਮਿਲੀਅਨ ਮੁਹੱਈਆ ਕਰਨਾ

> **ਨਾਲ ਮਿਲ ਕੇ, ਬੀ.ਸੀ. ਬਾਲ ਮੌਕਾ ਫ਼ਾਇਦਾ, ਪੁੱਜਣਯੋਗ ਬਾਲ ਦੇਖਭਾਲ ਫ਼ਾਇਦਾ ਅਤੇ ਲਾਇਸੈਂਸਸ਼ੁਦਾ ਬਾਲ ਦੇਖਭਾਲ ਥਾਵਾਂ ਲਈ ਫੀਸ ਵਿੱਚ ਕਟੌਤੀ ਇੱਕ ਬੱਚੇ ਵਾਲੇ ਬੀ.ਸੀ. ਦੇ ਪਰਿਵਾਰਾਂ ਲਈ ਹਰ ਸਾਲ $20,000 ਤੱਕ ਅਤੇ ਦੋ ਬੱਚਿਆਂ ਵਾਲੇ ਪਰਿਵਾਰਾਂ ਲਈ $28,000 ਤੱਕ ਦੀ ਬੱਚਤ ਵਿੱਚ ਸਹਾਇਕ ਹੋਵੇਗੀ।**

### ਦੇਖਭਾਲਕਰਤਾਵਾਂ ਨੂੰ ਸਹਿਯੋਗ ਕਰਨਾ



ਬਜਟ 2019 ਗੰਭੀਰ ਅਸਮਾਨਤਾਵਾਂ ਨੂੰ ਤਵੱਜੋ ਦਿੰਦਾ ਹੈ, ਜਦੋਂ ਅਪਹਾਜ ਲੋਕਾਂ ਦੀ ਦੇਖਭਾਲ ਵਿੱਚ ਬੱਚਿਆਂ ਵਿੱਚੋਂ, ਬੀ.ਸੀ. ਵਿੱਚ ਸਭ ਤੋਂ ਵੱਧ ਕਮਜ਼ੋਰ ਲੋਕਾਂ ਵਿੱਚੋਂ ਕੁਝ ਦੀ ਦੇਖਭਾਲ ਦੀ ਗੱਲ ਆਉਂਦੀ ਹੈ। ਕਈ ਸਾਲਾਂ ਦੀ ਅਣਗਹਿਲੀ ਦੇ ਬਾਅਦ, ਅਸੀਂ ਉਹਨਾਂ ਦੀ ਮਦਦ ਲਈ ਦੇਖਭਾਲ ਵਿੱਚ ਅਤੇ ਦੇਖਭਾਲਕਰਤਾਵਾਂ ਲਈ ਨਿਵੇਸ਼ ਕਰ ਰਹੇ ਹਾਂ, ਜਿਹਨਾਂ ਨੂੰ ਬਿਹਤਰ ਜ਼ਿੰਦਗੀ ਜਿਓਣ ਲਈ ਇਸਦੀ ਸਭ ਤੋਂ ਵੱਧ ਲੋੜ ਹੈ।

» ਕਮਿਊਨਿਟੀ ਲਿਵਿੰਗ ਬੀ.ਸੀ. ਹੋਮ ਸ਼ੇਅਰ ਪ੍ਰਦਾਤਾ 2009 ਦੇ ਬਾਅਦ ਆਪਣੇ ਮੁਆਵਜ਼ੇ ਵਿੱਚ ਪਹਿਲਾ ਵਾਧਾ ਦੇਖਣਗੇ

» ਬੱਚਿਆਂ ਦੀ ਦੇਖਭਾਲ ਕਰਨ ਵਾਲੇ ਪਰਿਵਾਰ-ਅਧਾਰਿਤ ਦੇਖਭਾਲਕਰਤਾ 1 ਅਪ੍ਰੈਲ, 2019 ਤੋਂ ਸ਼ੁਰੂ ਕਰਦੇ ਹੋਏ ਪ੍ਰਤੀ ਮਹੀਨਾ $179 ਤੱਕ ਦਾ ਸਹਿਯੋਗ ਭੁਗਤਾਨ ਵਾਧਾ ਦੇਖਣਗੇ, ਜੋ ਇੱਕ ਦਸ਼ਕ ਵਿੱਚ ਪਹਿਲਾ ਵਾਧਾ ਹੈ

» ਵਿਸਤ੍ਰਿਤ ਪਰਿਵਾਰ, ਜਿਵੇਂ ਦਾਦਾ-ਦਾਦੀ ਅਤੇ ਆਂਟੀਆਂ, ਜੋ ਬੱਚਿਆਂ ਨੂੰ ਸਹਿਯੋਗ ਕਰਦੇ ਹਨ ਅਤੇ ਦੇਖਭਾਲ ਤੋਂ ਬਾਹਰ ਉਹਨਾਂ ਨੂੰ ਸੰਭਾਲਦੇ ਹਨ, ਉਹਨਾਂ ਨੂੰ ਫੋਸਟਰ ਮਾਪਿਆਂ ਵਾਂਗ ਹੀ ਵਧੇ ਹੋਏ ਸਹਿਯੋਗ ਭੁਗਤਾਨ ਪ੍ਰਾਪਤ ਹੋਣਗੇ

### ਬੀ.ਸੀ. 'ਤੇ ਵਿਆਜ ਨੂੰ ਖ਼ਤਮ ਕਰਨਾ ਵਿਦਿਆਰਥੀ ਕਰਜ਼

ਪੋਸਟ-ਸੈਕਡੰਰੀ ਇੰਸਟੀਟਿਊਸ਼ਨਾਂ ਤੋਂ ਗ੍ਰੈਜੂਏਟ ਕਰਨ ਵਾਲੇ ਬ੍ਰਿਟਿਸ਼ ਕੋਲੰਬੀਆ ਵਾਸੀਆਂ 'ਤੇ ਬਹੁਤ ਜ਼ਿਆਦਾ ਕਰਜ਼ ਦਾ ਭਾਰ ਹੈ। ਉੱਚ ਸਿੱਖਿਆ ਦਰਵਾਜ਼ੇ ਖੋਲ੍ਹਣ ਵਾਲੀ ਹੋਣੀ ਚਾਹੀਦੀ ਹੈ, ਨਾ ਕਿ ਅੱਗੇ ਵਧਣ ਨੂੰ ਮੁਸ਼ਕਿਲ ਬਣਾਉਣ ਵਾਲੀ। ਬਣਾਉਣ ਵਾਲੀ ਹੋਵੇ।

> **ਨੌਜਵਾਨਾਂ ਅਤੇ ਨਵੇਂ ਪਰਿਵਾਰਾਂ ਦੀ ਆਪਣੀਆਂ ਜ਼ਿੰਦਗੀਆਂ ਅਤੇ ਕੈਰੀਅਰਾਂ ਵਿੱਚ ਚੰਗੀ ਸ਼ੁਰੂਆਤ ਕਰਨ ਵਿੱਚ ਮਦਦ ਲਈ, ਅਸੀਂ ਅੱਜ ਹੀ ਬਕਾਇਆ ਵਿਦਿਆਰਥੀ ਕਰਜ਼ ਦੇ ਦੇਣਦਾਰਾਂ ਦੀ ਮਦਦ ਕਰਦੇ ਹੋਏ, 19 ਫਰਵਰੀ, 2019 ਤੋਂ ਸਾਰੇ ਬੀ.ਸੀ. ਵਿਦਿਆਰਥੀ ਕਰਜ਼ ਤੋਂ ਵਿਆਜ ਖ਼ਤਮ ਕਰ ਰਹੇ ਹਾਂ।**

ਉਦਾਹਰਨ ਲਈ, ਸੂਬਾਈ ਕਰਜ਼ ਵਿੱਚ $11,200 ਜਾਂ ਸੰਯੁਕਤ ਸੰਘੀ ਅਤੇ ਸੂਬਾਈ ਕਰਜ਼ ਦੇਣਦਾਰੀ ਵਿੱਚ $28,000 ਵਾਲਾ ਕੋਈ ਵਿਦਿਆਰਥੀ 10-ਸਾਲਾ ਦੀ ਅਦਾਇਗੀ ਮਿਆਦ ਵਿੱਚ ਆਪਣੇ ਬੀ.ਸੀ. ਵਿਦਿਆਰਥੀ ਕਰਜ਼ 'ਤੇ ਵਿਆਜ ਫੀਸਾਂ ਵਿੱਚ ਲਗਭਗ $2,300 ਦੀ ਬੱਚਤ ਕਰੇਗਾ।




### ਉਹਨਾਂ ਲੋਕਾਂ ਲਈ ਸਹਾਇਤਾ ਦਰਾਂ ਵਧਾਉਣਾ ਜਿਹਨਾਂ ਨੂੰ ਸਹਿਯੋਗ ਦੀ ਲੋੜ ਹੈ

ਜਦੋਂ ਅਸੀਂ ਸਰਕਾਰ ਬਣਾਈ ਸੀ, ਤਾਂ ਸਭ ਤੋਂ ਪਹਿਲਾ ਕੰਮ ਆਮਦਨੀ ਅਤੇ ਅਪਾਹਜਪੁਣੇ ਦੀਆਂ ਦਰਾਂ ਵਿੱਚ ਵਾਧਾ ਕੀਤਾ ਸੀ। ਇਹ 10 ਸਾਲਾਂ ਵਿੱਚ ਸਹਾਇਤਾ ਦਰਾਂ ਵਿੱਚ ਸਭ ਤੋਂ ਪਹਿਲਾਂ ਅਰਥਪੂਰਨ ਵਾਧਾ ਸੀ ਅਤੇ ਕਮਜ਼ੋਰ ਲੋਕਾਂ ਦੀ ਬਿਹਤਰ ਜ਼ਿੰਦਗੀ ਦਾ ਨਿਰਮਾਣ ਕਰਨ ਵਿੱਚ ਮਦਦ ਕਰਨ ਵਿੱਚ ਪਹਿਲਾ ਕਦਮ ਸੀ।

> **ਬਜਟ 2019 ਇੱਕ ਮਹੀਨੇ ਵਿੱਚ ਆਮਦਨੀ ਅਤੇ ਅਪਾਹਜਪੁਣੇ ਦੀਆਂ ਦਰਾਂ ਵਿੱਚ $50 ਤੱਕ ਦਾ ਵਾਧਾ ਕਰਦਾ ਹੈ। 2017 ਤੋਂ, ਸਰਕਾਰ ਨੇ ਇਹਨਾਂ ਦਰਾਂ ਨੂੰ $150 ਪ੍ਰਤੀ ਮਹੀਨਾ, ਜਾਂ $1,800 ਇੱਕ ਸਾਲ ਤੱਕ ਵਧਾਇਆ ਹੈ।**

# ਬੀ.ਸੀ. ਲਈ ਘਰ: ਉੱਨਤੀ ਰਿਪੋਰਟ

**ਤਾਜ਼ਾ ਕਮਾਈ 'ਤੇ ਜਿਓਣ ਵਾਲੇ ਲੋਕਾਂ ਲਈ, ਅਚਾਨਕ ਕੋਈ ਖਰਚਾ — ਇੰਜ ਹੁੰਦਾ ਹੈ, ਜਿਵੇਂ ਤੁਹਾਡੀ ਕਾਰ ਖਰਾਬ ਹੋ ਗਈ ਹੋਵੇ ਅਤੇ ਇਹ ਤੁਹਾਡੇ ਪਰਿਵਾਰ ਦੇ ਮਾਸਿਕ ਬਜਟ ਨੂੰ ਕਾਫੀ — ਖਰਾਬ ਕਰ ਸਕਦਾ ਹੈ।**

ਜੇਕਰ ਤੁਸੀਂ ਮੁਸ਼ਕਲ ਦੌਰ ਤੋਂ ਗੁਜਰ ਰਹੇ ਹੋ, ਤਾਂ ਇਸਦੇ ਨਤੀਜੇ ਵਜੋਂ ਤੁਹਾਡੇ ਪਰਿਵਾਰ ਦਾ ਘਰ ਨਹੀਂ ਖੁੰਝਣਾ ਚਾਹੀਦਾ। ਇਸ ਵੇਲੇ ਬੀ.ਸੀ. ਵਿੱਚ ਸੱਤ ਭਾਈਚਾਰੇ ਕਿਰਾਏ ਦੇ ਬੈਂਕ ਚਲਾਂਦੇ ਹਨ, ਜੋ ਘੱਟ-ਆਮਦਨੀ ਵਾਲੇ ਉਹਨਾਂ ਕਿਰਾਏਦਾਰਾਂ ਨੂੰ ਥੋੜ੍ਹੇ ਜਾਂ ਬਿਨਾਂ ਵਿਆਜ ਦੇ ਛੋਟੀ-ਮਿਆਦ ਦਾ ਕਰਜ਼ ਮੁਹੱਈਆ ਕਰਦੇ ਹਨ, ਜੋ ਆਰਥਿਕ ਸੰਕਟ ਦੇ ਕਾਰਨ ਆਪਣੇ ਕਿਰਾਏ ਦਾ ਭੁਗਤਾਨ ਨਹੀਂ ਕਰ ਸਕਦੇ।

ਸਰਕਾਰ ਕਿਰਾਇਆ ਬੈਂਕਾਂ ਲਈ ਫੰਡਿੰਗ ਮੁਹੱਈਆ ਕਰ ਰਹੀ ਹੈ, ਜੋ ਪੂਰੇ ਸੂਬੇ ਵਿੱਚ ਉਹਨਾਂ ਕਿਰਾਏਦਾਰਾਂ ਨੂੰ ਸਹਿਯੋਗ ਕਰੇਗੀ, ਜਿਹਨਾਂ ਨੂੰ ਬੇਲੋੜੀ ਬੇਦਖਲੀ ਤੋਂ ਬਚਣ ਲਈ ਤੁਰੰਤ, ਛੋਟੀ-ਮਿਆਦ ਦੇ ਕਰਜ਼ ਦੀ ਲੋੜ ਹੈ।

## ਨਵੇਂ ਪੁੱਜਣਯੋਗ ਘਰਾਂ ਦਾ ਨਿਰਮਾਣ ਕਰਨਾ ਅਤੇ ਮਾਰਕਿਟ ਨੂੰ ਸੰਤੁਲਿਤ ਕਰਨਾ

***ਬੀ.ਸੀ.* ਲਈ ਘਰ 10 ਸਾਲਾਂ ਤੋਂ 114,000 ਪੁੱਜਣਯੋਗ ਘਰਾਂ ਦਾ ਨਿਰਮਾਣ ਕਰਨ ਲਈ ਇੱਕ ਸ਼ਾਨਦਾਰ ਯੋਜਨਾ ਤਿਆਰ ਕੀਤੀ ਹੈ।**

ਸਿਰਫ਼ ਪਹਿਲੇ ਸਾਲ ਵਿੱਚ ਹੀ, 17,000 ਘਰ ਪਹਿਲਾਂ ਹੀ ਬਣ ਗਏ ਹਨ ਜਾਂ ਬਣ ਰਹੇ ਹਨ, ਜਿਹਨਾਂ ਵਿੱਚ ਸ਼ਾਮਲ ਹਨ:

» 4,900 ਨਵੇਂ ਪੁੱਜਣਯੋਗ, ਮਿਸ਼ਰਤ ਆਮਦਨੀ ਵਾਲੇ ਲੋਕਾਂ ਲਈ ਕਿਰਾਏ ਵਾਲੇ ਘਰ

» 2,000 ਤੋਂ ਵੱਧ ਨਵੇਂ ਮਾੱਡਿਉਲਰ ਘਰ

» ਹਿੰਸਾ ਅਤੇ ਦੁਰਵਿਹਾਰ ਤੋਂ ਪੀੜਿਤ ਔਰਤਾਂ ਅਤੇ ਬੱਚਿਆਂ ਲਈ 280 ਨਵੇਂ ਟ੍ਰਾਂਜਿਸ਼ਨ ਘਰ

» ਕੈਂਪਸ ਵਿਚਲੇ ਵਿਦਿਆਰਥੀਆਂ ਲਈ 2,295 ਨਵੇਂ ਘਰ

» ਸੁਦੇਸ਼ੀ ਲੋਕਾਂ ਲਈ 1,750 ਸੋਸ਼ਲ ਹਾਊਸਿੰਗ ਦੀਆਂ ਨਵੀਆਂ ਯੂਨਿਟਾਂ, ਦੋਵੇਂ ਥੋੜ੍ਹੇ ਚਿਰ ਪਿੱਛੋਂ ਰਾਖਵੀਆਂ

ਪਿਛਲੇ ਸਾਲ, ਅਸੀਂ ਬੀ.ਸੀ. ਹਾਊਸਿੰਗ ਮਾਰਕੀਟ ਨੂੰ ਸੰਤੁਲਿਤ ਰੱਖਣ ਲਈ ਖਾਸ ਕਦਮ ਚੁੱਕੇ ਸਨ ਅਤੇ ਬ੍ਰਿਟਿਸ਼ ਕੋਲੰਬੀਆ ਵਾਸੀਆਂ ਲਈ ਹੋਰ ਪੁੱਜਣਯੋਗ ਘਰ ਬਣਾਏ ਹਨ। ਇਹਨਾਂ ਵਿੱਚ ਸ਼ਾਮਲ ਹਨ:

» ਟੈਕਸ ਦਾ ਅਨੁਮਾਨ ਲਗਾਉਣ ਵਾਲੇ ਅਤੇ ਖਾਲੀ ਘਰ, ਜੋ ਹਾਊਸਿੰਗ ਲਾਗਤਾਂ ਨੂੰ ਸੰਚਾਲਿਤ ਕਰਦੇ ਹਨ; ਅਤੇ

» ਵਿਦੇਸ਼ੀ ਖਰੀਦਦਾਰਾਂ ਦੀ ਟੈਕਸ ਦਰ ਨੂੰ 20% ਤੱਕ ਵਧਾਉਣਾ ਅਤੇ ਇਸਦਾ ਮੈਟਰੋ ਵੈਨਕੂਵਰ (Metro Vancouver) ਦੇ ਬਾਹਰ ਦੇ ਖੇਤਰਾਂ ਤੱਕ ਵਿਸਤਾਰ ਕਰਨਾ

ਇੱਕ ਸਾਲ ਤੋਂ ਵੀ ਘੱਟ ਵਿੱਚ, ਸਾਨੂੰ ਪਹਿਲਾਂ ਹੀ ਨਤੀਜੇ ਦਿਖਾਈ ਦੇਣਾ ਸ਼ੁਰੂ ਹੋ ਗਏ ਹਨ। ਉਦਾਹਰਨ ਲਈ, ਪਿਛਲੇ ਛੇ ਮਹੀਨਿਆਂ ਵਿੱਚ, ਗ੍ਰੇਟਰ ਵੈਨਕੂਵਰ (Greater Vancouver) ਵਿੱਚੋਂ ਸਿੰਗਲ ਪਰਿਵਾਰਕ ਘਰਾਂ ਲਈ ਮਾਨਦੰਡ ਕੀਮਤ 8.3% ਤੱਕ ਘਟ ਗਈ ਹੈ, ਕੋਂਡੋ ਦੀਆਂ ਕੀਮਤਾਂ 6.6% ਤੱਕ ਘਟੀਆਂ ਹਨ ਅਤੇ ਟਾਊਨਹੋਮ ਕੀਮਤਾਂ 6.2% ਤੱਕ ਘਟੀਆਂ ਹਨ।

## ਕਿਰਾਏਦਾਰਾਂ ਲਈ ਵਧੀ ਹੋਈ ਸੁਰੱਖਿਆ

*ਬੀ.ਸੀ.* ਲਈ ਘਰਾਂ ਨੇ ਇਹਨਾਂ ਦੁਆਰਾ ਕਿਰਾਏਦਾਰਾਂ ਲਈ ਸੁਰੱਖਿਆ ਵਧਾਈ ਹੈ:

» ਕਿਰਾਇਆ ਸਹਾਇਤਾ ਪ੍ਰੋਗਰਾਮ (Rental Assistance Program) ਦੇ ਅਧੀਨ ਔਸਤ $800 ਪ੍ਰਤੀ ਸਾਲ ਤੱਕ ਘੱਟ-ਆਮਦਨੀ ਵਾਲੇ ਕੰਮਕਾਜੀ ਪਰਿਵਾਰਾਂ ਲਈ ਫ਼ਾਇਦੇ ਵਧਾਉਣਾ

» ਕਿਰਾਏ ਵਾਧੇ ਨੂੰ ਮਹਿੰਗਾਈ ਦੀ ਦਰ ਤੱਕ ਸੀਮਿਤ ਕਰਨਾ — $1,200 ਪ੍ਰਤੀ ਮਹੀਨਾ ਦਾ ਭੁਗਤਾਨ ਕਰਨ ਵਾਲੇ ਕਿਸੇ ਵਿਅਕਤੀ ਦਾ ਇਸ ਸਾਲ ਕਿਰਾਏ ਵਿੱਚ $288 ਦੀ ਬੱਚਤ ਕਰਨਾ

» ਨਿਯਤ-ਮਿਆਦ ਲੀਜ ਲੂਪਹੋਲ ਨੂੰ ਬੰਦ ਕਰਨਾ ਅਤੇ ਭੂਗੋਲਿਕ ਕਿਰਾਇਆ ਵਾਧਾ ਸ਼ਰਤ ਨੂੰ ਖ਼ਤਮ ਕਰਨਾ

» ਬੇਦਖਲੀ ਦਾ ਸਾਹਮਣਾ ਕਰਨ ਵਾਲੇ ਨਿਰਮਤ ਹੋਮ ਪਾਰਕ ਕਿਰਾਏਦਾਰਾਂ ਲਈ ਸੁਰੱਖਿਆ ਅਤੇ ਮੁਆਵਜ਼ੇ ਨੂੰ ਮਜ਼ਬੂਤ ਬਣਾਉਣਾ

» ਵੱਡੇ ਪੈਮਾਨੇ 'ਤੇ ਮੁਰੰਮਤ ਹੋਣ ਵੇਲੇ ਕਿਰਾਏਦਾਰਾਂ ਦੀ ਸੰਭਾਵੀ ਬੇਦਖਲੀ ਅਤੇ ਵਿਸਥਾਪਨ ਤੋਂ ਡਰੇ ਲੋਕਾਂ ਲਈ ਵੱਧ ਮਜ਼ਬੂਤ ਸੁਰੱਖਿਆ ਪ੍ਰਦਾਨ ਕਰਨਾ

ਬਜ਼ੁਰਗ ਕਿਰਾਏਦਾਰਾਂ ਲਈ ਸ਼ੈਲਟਰ ਸਹਾਇਤਾ (Shelter Aid for Elderly Renters) (SAFER) ਪ੍ਰੋਗਰਾਮ ਹੇਠ, ਇਕੱਲੇ ਰਹਿਣ ਵਾਲੇ ਬਜ਼ੁਰਗਾਂ ਲਈ, ਪ੍ਰਤੀ ਸਾਲ ਔਸਤ $930 ਤੱਕ ਫ਼ਾਇਦਿਆਂ ਵਿੱਚ ਵਾਧਾ ਕਰਨਾ

# ਤੁਹਾਡੇ ਪਰਿਵਾਰ ਲਈ ਬਿਹਤਰ ਸੇਵਾਵਾਂ ਪ੍ਰਦਾਨ ਕਰਨਾ

### ਹਸਪਤਾਲ ਅਤੇ ਲਾਜ਼ਮੀ ਪ੍ਰਾਇਮਰੀ ਦੇਖਭਾਲ ਸੈਂਟਰ

ਬਜਟ 2019 ਤਿੰਨ ਸਾਲਾਂ ਵਿੱਚ ਸਿਹਤ ਸਬੰਧੀ ਕੁੱਲ ਖ਼ਰਚ ਵਿੱਚ $1.3 ਬਿਲੀਅਨ ਤੋਂ ਵੱਧ ਦਾ ਨਿਵੇਸ਼ ਕਰਦਾ ਹੈ, ਜਿਸਦਾ ਮਤਲਬ ਹੈ, ਵੱਧ ਡਾਕਟਰ ਅਤੇ ਨਰਸਾਂ, ਤੁਹਾਡੇ ਲਈ ਅਤੇ ਤੁਹਾਡੇ ਪਰਿਵਾਰ ਲਈ ਉਡੀਕ ਕਰਨ ਦਾ ਬਹੁਤ ਹੀ ਘੱਟ ਸਮਾਂ।

- » ਟੈਰੇਸ (Terrace) ਤੋਂ ਡਾੱਸਨ ਕ੍ਰੀਕ (Dawson Creek) ਤੋਂ ਨੌਰਥ ਵੈਨਕੂਵਰ (North Vancouver) ਤੱਕ, ਅਸੀਂ ਅੱਜ ਦੀਆਂ ਅਤੇ ਭਵਿੱਖ ਦੀਆਂ ਪੀੜ੍ਹੀਆਂ ਦੀਆਂ ਸਿਹਤ ਦੇਖਭਾਲ ਸਬੰਧੀ ਲੋੜਾਂ ਨੂੰ ਪੂਰਾ ਕਰਨ ਲਈ ਹਸਪਤਾਲਾਂ ਦਾ ਨਿਰਮਾਣ, ਮੁਰੰਮਤ ਅਤੇ ਵਿਸਤਾਰ ਕਰ ਰਹੇ ਹਾਂ
- » ਕੈਂਸਰ-ਸਬੰਧੀ ਸਰਜਰੀਆਂ, ਨੈਦਾਨਿਕ ਇਮੇਜਿੰਗ ਦੀ ਸੰਖਿਆ ਨੂੰ ਵਧਾਉਂਦੇ ਹੋਏ, ਪੀ.ਈ.ਟੀ. (PET) ਅਤੇ ਸੀ.ਟੀ. (CT) ਸਕੈਨ ਦਾ ਵਿਸਤਾਰ ਕਰਦੇ ਹੋਏ ਅਤੇ ਵਧੀਆਂ ਕੀਮੋਥੈਰੇਪੀ ਦੀਆਂ ਮੰਗਾਂ ਲਈ ਬੀ.ਸੀ. ਕੈਂਸਰ ਏਜੰਸੀ (BC Cancer Agency) ਲਈ ਵੱਧ ਫੰਡਿੰਗ
- » ਔਰਤਾਂ, ਬੱਚਿਆਂ, ਨਵੇਂ ਜੰਮੇ ਬੱਚਿਆਂ ਅਤੇ ਪਰਿਵਾਰਾਂ ਲਈ ਸੇਵਾਵਾਂ ਮੁਹੱਈਆ ਕਰਨ ਵਾਸਤੇ ਬੀ.ਸੀ. ਦੇ ਬੱਚਿਆਂ ਦੇ ਅਤੇ ਔਰਤਾਂ ਦੇ ਹਸਪਤਾਲਾਂ ਲਈ ਸਹਾਇਤਾ

2018 ਤੋਂ, ਅਸੀਂ ਪ੍ਰਤੀ ਹਫ਼ਤਾ ਐਮ.ਆਰ.ਆਈ. (MRI) ਸੰਚਾਲਨ ਸਮੇਂ ਦੇ 800 ਤੋਂ ਵੱਧ ਘੰਟੇ ਸ਼ਾਮਲ ਕੀਤੇ ਹਨ ਅਤੇ ਪਿਛਲੇ ਸਾਲ ਦੀ ਤੁਲਨਾ ਵਿੱਚ ਇਸ ਸਾਲ ਪੂਰੇ ਸੂਬੇ ਵਿੱਚ 37,000 ਹੋਰ ਐਮ.ਆਰ.ਆਈ. ਜਾਂਚਾਂ ਮੁਹੱਈਆ ਕਰਨ ਦੇ ਮਾਰਗ 'ਤੇ ਹਾਂ।

### ਫੇਅਰ ਫਾਰਮਾਕੇਅਰ (FAIR PHARMACARE)

ਫੇਅਰ ਫਾਰਮਾਕੇਅਰ (Fair PharmaCare) ਪ੍ਰੋਗਰਾਮ ਵਿੱਚ $105 ਮਿਲੀਅਨ ਦੇ ਨਿਵੇਸ਼ ਕਾਰਨ ਇਸ ਜਨਵਰੀ ਬੀ.ਸੀ. ਦੇ 240,000 ਤੋਂ ਵੱਧ ਪਰਿਵਾਰਾਂ ਦੀਆਂ ਪ੍ਰਿਸਕ੍ਰਿਪਸ਼ਨ ਦਵਾਈਆਂ ਵੱਧ ਪੁੱਜਣਯੋਗ ਹੋ ਗਈਆਂ।

1 ਜਨਵਰੀ, 2019 ਤੋਂ, ਸਾਲਾਨਾ ਕੁੱਲ ਆਮਦਨੀ ਵਿੱਚ $45,000 ਤੱਕ ਕਮਾਉਣ ਵਾਲੇ ਪਰਿਵਾਰ ਕਟੌਤੀਆਂ ਵਿੱਚ $300 ਅਤੇ $600 ਵਿਚਕਾਰ ਬੱਚਤ ਕਰ ਰਹੇ ਹਨ, ਜੋ ਲੋਕਾਂ ਲਈ ਪ੍ਰਿਸਕ੍ਰਿਪਸ਼ਨ ਦਵਾਈਆਂ ਨੂੰ ਵੱਧ ਪੁੱਜਣਯੋਗ ਬਣਾਉਂਦਾ ਹੈ, ਜਦੋਂ ਉਹਨਾਂ ਨੂੰ ਇਸਦੀ ਲੋੜ ਹੁੰਦੀ ਹੈ।

$42 ਮਿਲੀਅਨ ਦਾ ਨਵਾਂ ਨਿਵੇਸ਼ ਦਵਾਈ ਦੇ ਵੱਧ ਵਿਕਲਪ ਸ਼ਾਮਲ ਕਰੇਗਾ, ਉਹਨਾਂ ਦਵਾਈਆਂ ਸਮੇਤ, ਜੋ ਪਲਮਨਰੀ ਆਰਟੀਰਿਅਲ ਹਾਈਪਰਟੈਨਸ਼ਨ, ਡਾਇਬਿਟੀਜ਼, ਦਮਾ ਅਤੇ ਅੱਖਾਂ ਦੀਆਂ ਲਾਗਾਂ ਦਾ ਇਲਾਜ ਕਰਦੀਆਂ ਹਨ।

### ਮਾਨਸਿਕ ਸਿਹਤ

ਬਜਟ 2019 ਦੇ ਹਿੱਸੇ ਵਜੋਂ, ਅਸੀਂ ਬੱਚਿਆਂ ਅਤੇ ਨੌਜਵਾਨਾਂ ਲਈ ਮਾਨਸਿਕ ਸਿਹਤ ਸਬੰਧੀ ਦੇਖਭਾਲ ਤੱਕ ਪਹੁੰਚ ਨੂੰ ਸੁਧਾਰਨ ਲਈ $74 ਮਿਲੀਅਨ ਦੇ ਨਿਵੇਸ਼ ਨਾਲ ਅੱਗੇ ਵਧ ਰਹੇ ਹਾਂ।

- » 12-24 ਸਾਲ ਦੀ ਉਮਰ ਵਾਲੇ ਨੌਜਵਾਨਾਂ ਲਈ ਇੱਕ ਛੱਤ ਹੇਠਾਂ ਏਕੀਕ੍ਰਿਤ ਸੇਵਾਵਾਂ ਲਿਆਉਣ ਲਈ ਹੋਰ ਫਾਉਂਡਰੀ (Foundry) ਸੈਂਟਰ
- » ਬੱਚਿਆਂ ਦੇ ਅਰੰਭਿਕ ਸਾਲਾਂ ਦੇ ਵਿਕਾਸ ਵਿੱਚ ਸਹਿਯੋਗ ਕਰਨ ਲਈ ਮਾਪਿਆਂ ਅਤੇ ਪਰਿਵਾਰਾਂ ਲਈ, ਸਕੂਲਾਂ ਵਿੱਚ ਹੋਰ ਪ੍ਰੋਗਰਾਮ ਸ਼ਾਮਲ ਕਰਨਾ
- » ਵੱਧ ਵਿਸ਼ੇਸ਼ੀਕ੍ਰਿਤ ਪਰਿਵਾਰਕ ਦੇਖਭਾਲ ਅਤੇ ਨੌਜਵਾਨਾਂ ਲਈ ਦਿਨ ਦਾ ਇਲਾਜ, ਜੋ ਉਹਨਾਂ ਦੀਆਂ ਲੋੜਾਂ ਨੂੰ ਪੂਰਾ ਕਰਦਾ ਹੈ

### ਸਿੱਖਿਆ

ਬਜਟ 2019 ਅਗਲੇ ਤਿੰਨ ਸਾ ਲਾਂ ਵਿੱਚ K-12 ਫੈਸੀਲਿਟੀਜ ਦੀ ਸੰਭਾਲ, ਬਦਲੀ, ਬਹਾਲੀ ਅਤੇ ਵਿਸਤਾਰ ਲਈ $2.7 ਬਿਲੀਅਨ ਦਾ ਨਿਵੇਸ਼ ਕਰਦਾ ਹੈ, ਜਿਸ ਵਿੱਚ ਸ਼ਾਮਲ ਹੈ:

- » ਬਰਨਬੀ ਨੌਰਥ ਸੈਕੰਡਰੀ (Burnaby North Secondary) ਲਈ ਇੱਕ ਨਵਾਂ, ਭੂਚਾਲ ਤੋਂ ਵੱਧ ਸੁਰੱਖਿਅਤ ਸਕੂਲ
- » ਨੌਰਥ ਵੈਨਕੂਵਰ ਵਿੱਚ ਮਾਉਂਟੇਨਸਾਈਡ ਸੈਕੰਡਰੀ (Mountainside Secondary) ਲਈ ਭੂਚਾਲ ਸਬੰਧੀ ਅੱਪਗ੍ਰੇਡ
- » ਬਲਕਲੇ ਵੈਲੀ (Bulkley Valley) ਵਿੱਚ ਵਾਲਨਟ ਪਾਰਕ ਐਲੀਮੈਂਟਰੀ (Walnut Park Elementary) ਲਈ ਇੱਕ ਬਦਲੀ ਸਕੂਲ
- » ਫੋਰਟ ਸੈਂਟ ਜੌਨ (Fort St. John) ਵਿੱਚ ਇੱਕ ਨਵਾਂ ਨੌਰਥਈਸਟ ਐਲੀਮੈਂਟਰੀ ਸਕੂਲ (Northeast Elementary School)
- » ਸੂਕ ਸਕੂਲ ਡਿਸਟ੍ਰਿਕਟ (Sooke School District) ਵਿੱਚ ਰੋਇਲ ਬੇ ਸੈਕੰਡਰੀ (Royal Bay Secondary) ਲਈ ਵਿਸਤਾਰ
- » ਚਿਲੀਵੈਕ (Chilliwack) ਵਿੱਚ ਸਾਊਥ ਸਾਈਡ ਏਰੀਆ ਐਲੀਮੈਂ-ਟਰੀ-ਮਿਡਲ (South Side Area Elementary-Middle) ਸਕੂਲ ਲਈ ਇੱਕ ਨਵਾਂ ਸਕੂਲ
- » ਸੈਂਟਰਲ ਓਕਨਾਗਨ (Central Okanagan) ਵਿੱਚ ਇੱਕ ਨਵਾਂ ਲੇਕ ਕੰਟ੍ਰੀ ਜੂਨੀਅਰ ਮਿਡਲ ਸਕੂਲ (Lake Country Jr Middle School)
- » ਸੁਰੇ (Surrey) ਵਿੱਚ ਸੁਲੀਵਨ ਹਾਈਟਸ ਸੈਕੰਡਰੀ (Sullivan Heights Secondary) ਲਈ ਵਿਸਤਾਰ

**ਅਸੀਂ ਸਕੂਲਾਂ ਵਿੱਚ ਨਵੇਂ ਜਾਂ ਅੱਪਗ੍ਰੇਡ ਕੀਤੇ ਖੇਡ ਦੇ ਮੈਦਾਨਾਂ ਦੇ ਨਾਲ, ਬੱਚਿਆਂ ਨੂੰ ਪੋਰਟੇਬਲ ਵਿੱਚੋਂ ਸਕੂਲਾਂ ਵਿੱਚ ਭੇਜਣ ਵਿੱਚ ਮਦਦ ਲਈ ਪੂਰੇ ਬੀ.ਸੀ. ਵਿੱਚ 5,500 ਨਵੀਆਂ ਵਿਦਿਆਰਥੀ ਥਾਵਾਂ ਤਿਆਰ ਕਰ ਰਹੇ ਹਾਂ।**

ਬਜਟ 2019 ਸਾਡੀ ਜਨਤਕ ਸਿੱਖਿਆ ਪ੍ਰਣਾਲੀ ਲਈ ਵਾਧੂ ਸਹਿਯੋਗ ਵਿੱਚ $550 ਮਿਲੀਅਨ ਤੋਂ ਵੱਧ ਪ੍ਰਦਾਨ ਕਰਦਾ ਹੈ। ਇਸ ਵਿੱਚ ਕਲਾਸਰੂਮ ਵਿਸਤਾਰ ਫੰਡ (Classroom Enhancement Fund) ਲਈ $58 ਮਿਲੀਅਨ ਦਾ ਵੱਧਧਿਆ ਨਿਵੇਸ਼ ਸ਼ਾਮਲ ਹੈ, 4,000 ਤੋਂ ਵੱਧ ਨਵੇਂ ਅਧਿਆਪਕਾਂ ਨੂੰ ਨੌਕਰੀ 'ਤੇ ਰੱਖਣ ਸਮੇਤ।

# ਇੱਕ ਮਜ਼ਬੂਤ, ਸਥਿਰ ਅਰਥਚਾਰੇ ਵਿੱਚ ਨਿਵੇਸ਼ ਕਰਨਾ, ਜੋ ਤੁਹਾਡੇ ਲਈ ਸਹਾਇਕ ਹੈ

## CLEANBC (ਕਲੀਨਬੀਸੀ)

ਬਜਟ 2019 ਇਹ ਯਕੀਨੀ ਬਣਾਉਂਦੇ ਹੋਏ ਤਿੰਨ ਸਾਲਾਂ ਤੱਕ CleanBC ਪਹਿਲਕਦਮੀਆਂ ਲਈ ਕੁੱਲ $902 ਮਿਲੀਅਨ ਵਾਸਤੇ ਨਵੀਂ ਫੰਡਿੰਗ ਦਿੰਦਾ ਹੈ — ਕਿ ਅਸੀਂ ਜਲਵਾਯੂ ਸਬੰਧੀ ਆਪਣੀਆਂ ਵਚਨਬੱਧਤਾਵਾਂ ਨੂੰ ਪੂਰਾ ਕਰ ਸਕੀਏ ਅਤੇ ਸਾਡੀ ਸਾਫ਼ ਹਵਾ, ਜ਼ਮੀਨ ਅਤੇ ਪਾਣੀ ਦੀ ਰੱਖਿਆ ਕਰ ਸਕੀਏ।

> **ਇਸ ਵਿੱਚ ਸਾਰੇ ਬ੍ਰਿਟਿਸ਼ ਕੋਲੰਬੀਆ ਵਾਸੀਆਂ ਲਈ ਊਰਜਾ-ਬੱਚਤ ਸੁਧਾਰਾਂ ਨੂੰ ਵੱਧ ਪਹੁੰਚਯੋਗ ਅਤੇ ਪੁੱਜਣਯੋਗ ਬਣਾਉਣ ਲਈ ਤਿੰਨ ਸਾਲਾਂ ਵਿੱਚ $41 ਮਿਲੀਅਨ ਸ਼ਾਮਲ ਹਨ।**

ਪਰਿਵਾਰਾਂ ਦੀਆਂ ਮੁਰੰਮਤ ਲਾਗਤਾਂ ਦੇ ਪੈਸੇ ਨੂੰ ਬਚਾਉਣ ਲਈ, ਅਸੀਂ ਲੋਕਾਂ ਦੇ ਘਰਾਂ ਲਈ ਸਾਫ਼ ਊਰਜਾ ਰੈਟਰੋਫਿਟਸ ਵਿੱਚ ਸਹਿਯੋਗ ਕਰ ਰਹੇ ਹਾਂ। ਲੋਕਾਂ ਨੂੰ ਇਹ ਮਿਲ ਸਕਦਾ ਹੈ:

- ਫਾਸਿਲ ਬਾਲਣ (ਤੇਲ, ਪ੍ਰੋਪੇਨ ਜਾਂ ਕੁਦਰਤੀ ਗੈਸ) ਨੂੰ ਇਲੈਕਟ੍ਰਿਕ ਹਵਾ-ਸਰੋਤ ਹੀਟ ਪੰਪ ਵਾਲੀ ਹੀਟਿੰਗ ਪ੍ਰਣਾਲੀ ਵਿੱਚ ਬਦਲਣ ਲਈ $2,000
- ਉਹਨਾਂ ਦੀਆਂ ਖਿੜਕੀਆਂ ਅਤੇ ਦਰਵਾਜਿਆਂ ਨੂੰ ਬਿਹਤਰ ਇੰਸੂਲੇਟ ਬਣਾਉਣ ਵਾਸਤੇ ਅੱਪਗ੍ਰੇਡ ਕਰਨ ਲਈ $1,000 ਤੱਕ
- ਉੱਚ ਪ੍ਰਭਾਵਿਕਤਾ ਕੁਦਰਤੀ ਗੈਸ ਫਰਨੇਸ ਲਈ $700 ਤੱਕ

ਅਸੀਂ ਬੀ.ਸੀ. ਵਿੱਚ ਲੋਕਾਂ ਲਈ ਸਿਫ਼ਰ-ਨਿਕਾਸੀ ਵਾਲੇ ਵਾਹਨਾਂ ਨੂੰ ਵੱਧ ਪੁੱਜਣਯੋਗ ਬਣਾਉਣ ਲਈ ਲੱਖਾਂ ਡਾਲਰਾਂ ਦਾ ਨਿਵੇਸ਼ ਕਰ ਰਹੇ ਹਾਂ। ਇਸ ਨਾਲ ਲੋਕਾਂ ਨੂੰ ਉਹਨਾਂ ਦੀ ਖਰੀਦ ਵਿੱਚ $6,000 ਤੱਕ ਅਤੇ ਗੈਸ ਲਾਗਤਾਂ ਵਿੱਚ ਪ੍ਰਤੀ ਸਾਲ ਲਗਭਗ $1,500 ਦੀ ਬੱਚਤ ਹੋਵੇਗੀ।

**ਬਜਟ 2019 ਦੇ ਨਾਲ, ਅਸੀਂ 2019, 2020 ਅਤੇ 2021 ਵਿੱਚ ਜਲਵਾਯੂ ਕਾਰਵਾਈ ਟੈਕਸ ਕ੍ਰੈਡਿਟ ਨੂੰ ਵਧਾ ਰਹੇ ਹਾਂ।**

1 ਜੁਲਾਈ, 2019 ਤੋਂ ਪ੍ਰਭਾਵੀ, ਬਾਲਗਾਂ ਅਤੇ ਬੱਚਿਆਂ ਲਈ ਅਧਿਕਤਮ ਸਾਲਾਨਾ ਜਲਵਾਯੂ ਕਾਰਵਾਈ ਟੈਕਸ ਕ੍ਰੈਡਿਟ 14% ਵੱਧ ਹੋਵੇਗਾ, ਜਿਸਦਾ ਮਤਲਬ ਹੈ, ਚਾਰ ਵਿਅਕਤੀਆਂ ਦੇ ਨਿਮਨ ਅਤੇ ਮੱਧ ਆਮਦਨੀ ਵਾਲੇ ਪਰਿਵਾਰ ਇਹ ਪ੍ਰਾਪਤ ਕਰਨਗੇ:

- 1 ਜੁਲਾਈ, 2019 ਤੋਂ ਸ਼ੁਰੂ ਕਰਦੇ ਹੋਏ $400 ਤੱਕ, ਅਤੇ
- 1 ਜੁਲਾਈ, 2021 ਤੋਂ ਸ਼ੁਰੂ ਕਰਦੇ ਹੋਏ $500

ਸਿਫ਼ਰ-ਨਿਕਾਸੀ ਵਾਲੇ ਵਾਹਨਾਂ ਨੂੰ ਵੱਧ ਪੁੱਜਣਯੋਗ ਬਣਾਉਣ ਦਾ ਇਹ ਵੀ ਮਤਲਬ ਹੈ ਕਿ ਉਹਨਾਂ ਦੀ ਵਰਤੋਂ ਨੂੰ ਸਹਿਯੋਗ ਕਰਨ ਵਾਸਤੇ ਲਾਗੂ ਇੰਫਰਾਸਟ੍ਰਕਚਰ ਹੋਣਾ:

- ਨਵੇਂ ਜਨਤਕ ਤੇਜ਼-ਚਾਰਜਿੰਗ ਸਟੇਸ਼ਨ ਅਤੇ ਹਾਈਡ੍ਰੋਜਨ ਬਾਲਣ ਸਟੇਸ਼ਨਾਂ ਲਈ $20 ਮਿਲੀਅਨ
- ਸਾਫ਼ ਊਰਜਾ ਵਾਹਨ ਸੈਕਟਰ ਨੂੰ ਸਹਿਯੋਗ ਕਰਨ ਲਈ $6 ਮਿਲੀਅਨ, ਆਟੋਮੋਟਿਵ ਟੈਕਨੀਸ਼ੀਅਨਾਂ ਅਤੇ ਇਲੈਕਟ੍ਰੀਸ਼ੀਅਨਾਂ ਲਈ ਟ੍ਰੇਨਿੰਗ ਪ੍ਰੋਗਰਾਮਾਂ ਸਮੇਤ

**CleanBC ਸੂਬੇ ਵਿੱਚ ਨਵੇਂ ਘੱਟ-ਕਾਰਬਨ ਮੌਕੇ ਪ੍ਰਾਪਤ ਕਰਕੇ, ਸਾਡੇ ਕੁਸ਼ਲ ਕਾਮਿਆਂ ਨੂੰ ਗਤੀਸ਼ੀਲ ਬਣਾ ਕੇ, ਅਤੇ ਜਲਵਾਯੂ ਪ੍ਰਦੂਸ਼ਣ ਨੂੰ ਘੱਟ ਕਰਕੇ ਬੀ.ਸੀ. ਦੀ ਮਦਦ ਕਰੇਗਾ।**

ਅਸੀਂ ਸਮਝਦੇ ਹਾਂ ਕਿ ਜਲਵਾਯੂ ਦੀ ਤਬਦੀਲੀ ਨਾਲ ਨਿਪਟਣਾ ਹਰੇਕ ਭਾਈਚਾਰੇ ਲਈ ਇੱਕੋ ਜਿਹਾ ਨਹੀਂ ਹੁੰਦਾ। ਇਸ ਲਈ ਅਸੀਂ ਇਹ ਯਕੀਨੀ ਬਣਾਉਣ ਲਈ ਇਸ ਸਾਲ $15 ਮਿਲੀਅਨ ਦਾ ਨਿਵੇਸ਼ ਕਰ ਰਹੇ ਹਾਂ ਕਿ ਦੁਰਾਡੇ ਭਾਈਚਾਰਿਆਂ ਨੂੰ ਵੱਧ ਸਾਫ਼ ਊਰਜਾ ਵਿੱਚ ਬਦਲੀ ਕਰਨ ਵਿੱਚ ਸਹਿਯੋਗ ਮਿਲਦਾ ਹੈ।

## ਜੰਗਲੀ ਅੱਗ ਦਾ ਪ੍ਰਬੰਧਨ

ਬਜਟ 2018 ਭਾਈਚਾਰਿਆਂ ਵਿੱਚ ਜੰਗਲੀ ਅੱਗ ਪ੍ਰਤੀਰੋਧ ਸਮਰੱਥਾ ਅਤੇ ਰਿਕਵਰੀ ਯਤਨਾਂ ਨੂੰ ਸਹਿਯੋਗ ਦੇਣ ਲਈ $72 ਮਿਲੀਅਨ ਦੇ ਨਿਵੇਸ਼ ਨਾਲ ਸ਼ੁਰੂ ਹੋਇਆ ਸੀ। ਬਜਟ 2019 ਜੰਗਲੀ ਅੱਗਾਂ ਨੂੰ ਰੋਕਣ ਅਤੇ ਇਹਨਾਂ ਲਈ ਪ੍ਰਤੀਕਿਰਿਆ ਕਰਨ ਦੇ ਬੀ.ਸੀ. ਦੇ ਯਤਨਾਂ ਨੂੰ ਵੱਧ ਮਜ਼ਬੂਤ ਬਣਾਉਣ ਲਈ ਤਿੰਨ ਸਾਲਾਂ ਤੱਕ ਵਾਧੂ $111 ਮਿਲੀਅਨ ਅਤੇ ਬੀਮਾਰੀ ਅਤੇ ਜੰਗਲੀ ਅੱਗ ਤੋਂ ਨੁਕਸਾਨ ਪਹੁੰਚੇ ਖੇਤਰਾਂ ਵਿੱਚ ਜੰਗਲ ਦੀ ਬਹਾਲੀ ਲਈ $13 ਮਿਲੀਅਨ ਮੁਹੱਈਆ ਕਰਦਾ ਹੈ।

## ਸਾਡੇ ਭਾਈਚਾਰਿਆਂ ਨਾਲ ਜੁੜਨਾ

> **ਅਸੀਂ ਪੂਰੇ ਸੂਬੇ ਦੇ ਭਾਈਚਾਰਿਆਂ ਵਿੱਚ ਇੰਫਰਾਸਟ੍ਰਕਚਰ ਵਿੱਚ $20 ਬਿਲੀਅਨ ਤੋਂ ਵੱਧ ਦੇ ਨਿਵੇਸ਼ ਨਾਲ ਅਜਿਹੀਆਂ ਸੜਕਾਂ, ਹਸਪਤਾਲਾਂ ਅਤੇ ਸਕੂਲਾਂ ਦਾ ਨਿਰਮਾਣ ਕਰ ਰਹੇ ਹਾਂ, ਜਿਹਨਾਂ ਦੀ ਬੀ.ਸੀ. ਨੂੰ ਲੋੜ ਹੈ, ਜਿਹਨਾਂ ਨਾਲ ਉਸਾਰੀ ਦੇ ਦੌਰਾਨ ਹਜ਼ਾਰਾਂ ਨੌਕਰੀਆਂ ਨੂੰ ਸਹਿਯੋਗ ਕੀਤਾ ਜਾਏਗਾ।**

ਵਰਤਮਾਨ ਅਤੇ ਭਵਿੱਖ ਦੀਆਂ ਆਵਾਜਾਈ ਸਬੰਧੀ ਲੋੜਾਂ ਨੂੰ ਪੂਰਾ ਕਰਨ ਲਈ ਅਤੇ ਲੋਕਾਂ ਦੇ ਨਿਰਵਿਘਨ ਆਉਣ-ਜਾਣ ਲਈ, ਅਸੀਂ ਆਵਾਜਾਈ ਪ੍ਰੋਜੈਕਟਾਂ ਵਿੱਚ $6.6 ਬਿਲੀਅਨ ਦਾ ਨਿਵੇਸ਼ ਕਰ ਰਹੇ ਹਾਂ, ਜਿਹਨਾਂ ਵਿੱਚ ਸ਼ਾਮਲ ਹਨ:

- ਪਟੋਲੋ ਬ੍ਰਿਜ (Pattullo Bridge) ਦੀ ਬਦਲੀ ਕਰਨਾ
- ਬ੍ਰੌਡਵੇ (Broadway) ਸਬਵੇ ਦਾ ਨਿਰਮਾਣ ਕਰਨਾ
- ਕਿਕਿੰਗ ਹੌਰਸ ਕੇਨਨ (Kicking Horse Canyon) ਤੱਕ ਚਾਰ-ਲੇਨ ਵਾਲਾ ਹਾਈਵੇ
- ਸਿਕਾਮੌਸ (Sicamous) ਵਿੱਚ ਬ੍ਰੂਹਨ ਬ੍ਰਿਜ (Bruhn Bridge) ਦੀ ਬਦਲੀ ਕਰਨਾ

ਅਸੀਂ ਸੂਬੇ ਵਿੱਚ 30 ਭਾਈਚਾਰਿਆਂ ਵਿੱਚ ਬੀ.ਸੀ. ਟ੍ਰਾਂਜ਼ਿਟ (BC Transit) ਸੇਵਾਵਾਂ ਦਾ ਵਿਸਤਾਰ ਕਰਨ ਲਈ ਵਾਧੂ $21 ਮਿਲੀਅਨ ਦੇ ਨਾਲ ਬਿਹਤਰ ਜਨਤਕ ਵਿੱਚ ਨਿਵੇਸ਼ ਕਰ ਰਹੇ ਹਾਂ।

# ਅਸਲ ਅਤੇ ਸਥਿਰ ਅਨੁਕੂਲਤਾ

> **ਸੁਦੇਸ਼ੀ ਲੋਕਾਂ ਦੇ ਨਾਲ ਮਿਲ ਕੇ, ਅਸੀਂ ਸਿਹਤਮੰਦ ਭਾਈਚਾਰਿਆਂ ਨੂੰ ਸਹਿਯੋਗ ਕਰਨ ਅਤੇ ਬੀ.ਸੀ. ਵਿੱਚ ਹਰੇਕ ਲਈ ਬਿਹਤਰ ਭਵਿੱਖ ਦਾ ਨਿਰਮਾਣ ਕਰਨ ਲਈ ਠੋਸ ਕਾਰਵਾਈ ਕਰ ਰਹੇ ਹਾਂ।**

### ਲਾਭ ਸ਼ੇਅਰਿੰਗ

ਬਜਟ 2019, ਬੀ.ਸੀ. ਦੇ ਹਿੱਸੇ ਵਜੋਂ ਫਸਟ ਨੇਸ਼ਨਸ ਕੋਲ ਹੁਣ ਸਵੈ-ਸਰਕਾਰ, ਸੱਭਿਆਚਾਰਕ ਪੁਨਰਜੀਵਨ ਅਤੇ ਉਹਨਾਂ ਸੇਵਾਵਾਂ ਵਿੱਚ ਨਿਵੇਸ਼ ਲਈ ਸਥਿਰ, ਲੰਮੀ-ਮਿਆਦ ਦਾ ਫੰਡਿਗ ਸਰੋਤ ਹੋਵੇਗਾ, ਜੋ ਪਰਿਵਾਰਾਂ ਲਈ ਜ਼ਿੰਦਗੀ ਨੂੰ ਬਿਹਤਰ ਬਣਾਉਂਦੀਆਂ ਹਨ।

ਇਸ ਵਚਨਬੱਧਤਾ ਦਾ ਮਤਲਬ ਹੈ ਫਸਟ ਨੇਸ਼ਨਸ ਭਾਈਚਾਰਿਆਂ ਨੂੰ ਸਹਿਯੋਗ ਕਰਨ ਲਈ ਅਗਲੇ 25 ਸਾਲਾਂ ਤੱਕ ਸਾਂਝੇ ਕੀਤੇ ਸੂਬਾਈ ਲਾਭ ਵਿੱਚ ਲਗਭਗ $3 ਬਿਲੀਅਨ, ਅਗਲੇ ਤਿੰਨ ਸਾਲਾਂ ਤੱਕ ਅਨੁਮਾਨਤ $300 ਮਿਲੀਅਨ ਸਮੇਤ।

ਅਨੁਕੂਲਤਾ ਨੂੰ ਵਧਾਉਣ ਲਈ ਇਹ ਇਤਿਹਾਸਕ ਵਚਨਬੱਧਤਾ ਹੋਰ ਕੰਮ 'ਤੇ ਆਧਾਰਿਤ ਹੈ, ਜੋ ਅਸੀਂ ਪਹਿਲਾਂ ਹੀ ਕਰ ਰਹੇ ਹਾਂ:

- ਵਾਤਾਵਰਣ ਸਬੰਧੀ ਮੁਲਾਂਕਣ ਪ੍ਰਕਿਰਿਆ ਨੂੰ ਆਧੁਨਿਕ ਬਣਾਉਣਾ
- ਸੁਦੇਸ਼ੀ ਬੱਚਿਆਂ ਨੂੰ ਦੇਖਭਾਲ ਤੋਂ ਬਾਹਰ ਰੱਖਣ ਵਿੱਚ ਮਦਦ ਲਈ ਗ੍ਰੈਂਡ ਚੀਫ ਐਡ ਜੌਨ (Grand Chief Ed John) ਦੀਆਂ ਸਿਫ਼ਾਰਿਸ਼ਾਂ
- ਥੋੜ੍ਹੇ ਚਿਰ ਪਿੱਛੋਂ ਰਾਖਵੇਂ ਲਈ 1,750 ਪੁੱਜਣਯੋਗ ਹਾਊਸਿੰਗ ਯੂਨਿਟਾਂ ਦੀ ਉਸਾਰੀ ਨੂੰ ਸਹਿਯੋਗ ਕਰਨ ਲਈ 10 ਸਾਲਾਂ ਤੱਕ $550 ਮਿਲੀਅਨ
- ਸੁਦੇਸ਼ੀ ਭਾਸ਼ਾਵਾਂ ਨੂੰ ਮਜ਼ਬੂਤ ਬਣਾਉਣ ਲਈ ਫਸਟ ਪੀਪਲਸ ਕਲਚਰਲ ਕਾਉਂਸਿਲ (First Peoples' Cultural Council) ਅਤੇ ਫਸਟ ਨੇਸ਼ਨਸ ਭਾਈਚਾਰਿਆਂ ਦੇ ਕੰਮ ਲਈ $50 ਮਿਲੀਅਨ
- K-12 ਇੱਕ ਨਵਾਂ K-12 ਪਾਠਕ੍ਰਮ, ਜੋ ਯਕੀਨੀ ਬਣਾਉਂਦਾ ਹੈ ਕਿ ਬ੍ਰਿਟਿਸ਼ ਕੋਲੰਬੀਆ ਵਿੱਚ ਸਾਰੇ ਬੱਚਿਆਂ ਨੂੰ ਸੁਦੇਸ਼ੀ ਸੱਭਿਆਚਾਰ ਅਤੇ ਇਤਿਹਾਸ ਬਾਰੇ ਪੜ੍ਹਾਇਆ ਜਾਂਦਾ ਹੈ


# ਜ਼ਿੰਮੇਵਾਰ ਵਿੱਤੀ ਪ੍ਰਬੰਧਨ

ਵਿੱਤੀ ਯੋਜਨਾ ਦੇ ਅਗਲੇ ਤਿੰਨ ਸਾਲਾਂ ਤੱਕ, ਸਰਕਾਰ ਕ੍ਰਮਵਾਰ 2019–20, 2020–21, ਅਤੇ 2021–22 ਵਿੱਚ ਲਗਾਤਾਰ $274 ਮਿਲੀਅਨ, $287 ਮਿਲੀਅਨ, ਅਤੇ $585 ਮਿਲੀਅਨ ਦੇ ਸਰਪਲਸ ਸੰਚਾਲਿਤ ਕਰੇਗੀ।
ਬੀ.ਸੀ. ਸਾਰੀਆਂ ਤਿੰਨ ਵੱਡੀਆਂ ਅੰਤਰਰਾਸ਼ਟਰੀ ਰੇਟਿੰਗ ਏਜੰਸੀਆਂ ਤੋਂ AAA ਕ੍ਰੈਡਿਟ ਰੇਟਿੰਗ ਕਰਨ ਵਾਲਾ ਇੱਕਮਾਤਰ ਸੂਬਾ ਬਣਿਆ ਹੋਇਆ ਹੈ ਅਤੇ ਸਾਡਾ ਕਰਜ਼-ਤੋਂ-ਜੀ.ਡੀ.ਪੀ. ਅਨੁਪਾਤ, 2008 ਦੇ ਆਰਥਿਕ ਸੰਕਟ ਤੋਂ ਬਾਅਦ ਇਸਦੇ ਸਭ ਤੋਂ ਨਿਮਨ ਬਿੰਦੂ 'ਤੇ ਹੈ।

> **ਸੁਚੇਤ ਵਿੱਤੀ ਪ੍ਰਬੰਧਨ ਨਾਲ ਸਰਕਾਰ 40 ਸਾਲਾਂ ਵਿੱਚ ਪਹਿਲੀ ਵਾਰ 2018–19 ਵਿੱਤੀ ਸਾਲ ਦੀ Q2 ਵਿੱਚ ਬ੍ਰਿਟਿਸ਼ ਕੋਲੰਬੀਆ ਦੇ ਸੰਚਾਲਨ ਕਰਜ਼ ਨੂੰ ਖ਼ਤਮ ਕਰ ਸਕੀ ਹੈ।**

### ਬੀ.ਸੀ., ਕੈਨੇਡਾ ਵਿੱਚ ਅਰਥਚਾਰਾ ਲੀਡਰ ਹੈ

ਬ੍ਰਿਟਿਸ਼ ਕੋਲੰਬੀਆ ਦਾ ਅਰਥਚਾਰਾ ਮਜ਼ਬੂਤ ਹੈ ਅਤੇ 2019 ਅਤੇ 2020 ਵਿੱਚ ਵਾਧੇ ਵਿੱਚ ਦੇਸ਼ ਨੂੰ ਅੱਗੇ ਰੱਖਣ ਦੀ ਯੋਜਨਾ ਤਿਆਰ ਕੀਤੀ ਹੈ।




ਸਭ ਤੋਂ ਵੱਧ ਪ੍ਰਸਤਾਵਿਤ ਅਸਲ ਜੀ.ਡੀ.ਪੀ. ਵਾਧਾ, ਨਿਮਨਤਮ ਬੇਰੋਜ਼ਗਾਰੀ ਦਰ ਅਤੇ ਦੇਸ਼ ਭਰ ਵਿੱਚ ਸਭ ਤੋਂ ਵੱਡੇ ਮਜ਼ਦੂਰੀ ਵਾਧਿਆਂ ਦੇ ਨਾਲ, ਦੇਸ਼ ਵਿੱਚ ਬੀ.ਸੀ. ਦਾ ਸਭ ਤੋਂ ਵੱਧ ਮਜ਼ਬੂਤ ਅਰਥਚਾਰਾ ਹੈ। ਪਿਛਲੇ ਸਾਲ, ਬ੍ਰਿਟਿਸ਼ ਕੋਲੰਬੀਆ ਵਿੱਚ ਮਜ਼ਦੂਰੀ 4.1% ਤੱਕ ਵਧੀ ਹੈ, ਜੋ ਪੂਰੇ ਕੈਨੇਡਾ ਵਿੱਚ ਸਭ ਤੋਂ ਵੱਧ ਹੈ। ਇਹ ਬੀ.ਸੀ. ਵਿੱਚ ਇੱਕ ਦਸ਼ਕ ਵਿੱਚ ਸਭ ਤੋਂ ਵੱਧ ਮਜ਼ਬੂਤ ਮਜ਼ਦੂਰੀ ਵਾਧਾ ਹੈ।

> **ਬੀ.ਸੀ. ਦੀ ਬੇਰੋਜ਼ਗਾਰੀ ਦਰ — 17ਵੇਂ ਮਹੀਨੇ ਲਈ ਇੱਕ ਲੜੀ ਵਿੱਚ — ਜਨਵਰੀ 2019 ਵਿੱਚ 4.7% 'ਤੇ ਹੈ, ਜੋ ਕੈਨੇਡਾ ਵਿੱਚ ਸਭ ਤੋਂ ਘੱਟ ਹੈ। ਪਿਛਲੇ ਸਾਲ ਵਿੱਚ 64,800 ਦੇ ਵਾਧੇ ਨਾਲ, ਸੂਬੇ ਵਿੱਚ ਨਿੱਜੀ ਸੈਕਟਰ ਦੀਆਂ ਨੌਕਰੀਆਂ ਨੇ ਰੋਜ਼ਗਾਰ ਵਿੱਚ ਵਾਧਾ ਕੀਤਾ ਹੈ।**

# ਤੁਹਾਡੇ ਲਈ ਜ਼ਿੰਦਗੀ ਬਿਹਤਰ ਬਣਾਉਣਾ

ਪੁੱਜਣਯੋਗਤਾ ਦੇ ਪ੍ਰਤੀ ਸਰਕਾਰ ਦੀ ਵਚਨਬੱਧਤਾ ‘ਤੇ ਅਧਾਰਿਤ, ਬਜਟ 2019 ਕੰਮਕਾਜੀ ਅਤੇ ਮਿਡਲ-ਕਲਾਸ ਪਰਿਵਾਰਾਂ ਲਈ ਜ਼ਿੰਦਗੀ ਨੂੰ ਬਿਹਤਰ ਬਣਾਉਣ ਲਈ ਪ੍ਰੋਗਰਾਮਾਂ ਵਿੱਚ ਵੱਡੇ ਨਿਵੇਸ਼ ਅਤੇ ਟੈਕਸ ਕਟੌਤੀਆਂ ਦੇ ਨਾਲ ਪਰਿਵਾਰਾਂ ਦਾ ਵੱਧ ਪੈਸਾ ਬਚਾਉਂਦਾ ਹੈ।

$70,000 ਕਮਾਉਣ ਵਾਲਾ ਅਤੇ ਮੈਟਰੋ ਵੈਨਕੂਵਰ (Metro Vancouver) ਵਿੱਚ ਰਹਿਣ ਵਾਲਾ ਚਾਰ ਸਦੱਸਾਂ ਦਾ ਆਮ ਪਰਿਵਾਰ ਪ੍ਰਤੀ ਸਾਲ $26,675 ਤੱਕ ਅਤੇ ਇੱਕ ਵਾਰ ਦੀਆਂ ਬੱਚਤਾਂ ਵਿੱਚ $8,000 ਦੀ ਬੱਚਤ ਕਰ ਸਕਦਾ ਹੈ, ਇਹਨਾਂ ਕਾਰਨ:

» ਐਮ.ਐਸ.ਪੀ. ਖਾਤਮਾ — ਪ੍ਰਤੀ ਸਾਲ $1,800 ਤੱਕ

» ਵਿਦਿਆਰਥੀ ਕਰਜ਼ ਵਿਆਜ ਖ਼ਤਮ ਕਰਨਾ — $10,000 ਦੇ ਸੂਬਾਈ ਕਰਜ਼ ਵਾਲਾ ਵਿਅਕਤੀ ਗ੍ਰੈਜੂਏਸ਼ਨ ਦੇ ਬਾਅਦ ਪ੍ਰਤੀ ਸਾਲ ਵਿਆਜ ਵਿੱਚ ਲਗਭਗ $200 ਦੀ ਬੱਚਤ ਕਰਦਾ ਹੈ

» ਬੀ.ਸੀ. ਬਾਲ ਮੌਕਾ ਫ਼ਾਇਦਾ — ਪ੍ਰਤੀ ਸਾਲ $1,380 ਤੱਕ

» ਪੁੱਜਣਯੋਗ ਬਾਲ ਦੇਖਭਾਲ ਫ਼ਾਇਦਾ — ਪ੍ਰਤੀ ਸਾਲ $14,895 ਤੱਕ

» ਬਾਲ ਦੇਖਭਾਲ ਫੀਸ ਕਟੌਤੀ ਪਹਿਲਕਦਮੀ — ਪ੍ਰਤੀ ਸਾਲ $5,400 ਤੱਕ

» ਪੋਰਟ ਮਾਨ (Port Mann) ਗੋਲਡਨ ਈਅਰਸ (Golden Ears) ਟੋਲ ਦਾ ਖਾਤਮਾ — ਪ੍ਰਤੀ ਸਾਲ $1,500 ਤੱਕ

» ਇਲੈਕਟ੍ਰਿਕ ਵਾਹਨ ਬੱਚਤਾਂ — ਇਲੈਕਟ੍ਰਿਕ ਵਾਹਨ ਖਰੀਦਦੇ ਸਮੇਂ $6,000 ਤੱਕ ਅਤੇ ਗੈਸ ਲਾਗਤਾਂ ਵਿੱਚ ਪ੍ਰਤੀ ਸਾਲ ਲਗਭਗ $1,500


» ਹੀਟ ਪੰਪ ਬੱਚਤਾਂ — ਫਾਸਿਲ ਬਾਲਣ ਹੀਟਿੰਗ ਸਿਸਟਮ ਦੀ ਬਦਲੀ ਲਈ $2,000 ਤੱਕ

2020 ਤੱਕ, ਕੁੱਲ ਬੱਚਤਾਂ ਹੋਣਗੀਆਂ:


» $26,675 ਪ੍ਰਤੀ ਸਾਲ, ਅਤੇ

» ਇੱਕ-ਵਾਰ ਦੀਆਂ ਬੱਚਤਾਂ ਵਿੱਚ 8,000

**2020 ਤੱਕ, $80,000 ਕਮਾਉਣ ਵਾਲਾ ਚਾਰ ਸਦੱਸਾਂ ਦਾ ਪਰਿਵਾਰ ਟੈਕਸਾਂ ਵਿੱਚ ਲਗਭਗ $2,400 ਦੀ ਬੱਚਤ ਕਰੇਗਾ**




**2020 ਤੱਕ, $60,000 ਕਮਾਉਣ ਵਾਲਾ ਚਾਰ ਸਦੱਸਾਂ ਦਾ ਪਰਿਵਾਰ, ਟੈਕਸਾਂ ਵਿੱਚ ਲਗਭਗ $2,500 ਦੀ ਬੱਚਤ ਕਰੇਗਾ**




ਹੋਰ ਜਾਣਕਾਰੀ ਲਈ
ਬਜਟ 2019 ਵੇਰਵੇ: www.bcbudget.ca
ਮਨਿਸਟਰੀ ਔਫ ਫਾਈਨੈਂਸ: www.gov.bc.ca/fin

*ਇਹ ਦਸਤਾਵੇਜ਼ ਵਾਤਾਵਰਣ ਤੌਰ ‘ਤੇ ਸੁਚੇਤਤਾ ਨਾਲ ਪ੍ਰਿੰਟ ਕੀਤਾ ਗਿਆ ਸੀ ਐਲੀਮੈਂਟਲ ਕਲੋਰੀਨ ਮੁਕਤ ਪੇਪਰ, ਇਸ ਵਿੱਚ ਮੁੜ ਵਰਤਣ ਯੋਗ ਫਾਈਬਰ ਹੈ ਅਤੇ ਇਹ 100% ਮੁੜ ਵਰਤਣ ਯੋਗ ਹੈ। ਇਸ ਦਸਤਾਵੇਜ਼ ਨੂੰ ਤਿਆਰ ਕਰਨ ਵਿੱਚ ਬਚਾਉ ਦੀਆਂ ਬਿਹਤਰ ਪੱਧਤੀਆਂ ਸ਼ਾਮਲ ਹਨ।*
*ਕਿਰਪਾ ਕਰਕੇ ਘਟਾਓ, ਮੁੜ ਵਰਤੋ ਅਤੇ ਮੁੜ ਵਰਤਣ ਯੋਗ ਬਣਾਓ।*